ਪਾਠ-7

## ਬਸੰਤ (ਲੇਖਕ-ਸ੍ਰੀ ਧਨੀ ਰਾਮ ਚਾਤ੍ਰਿਕ)

## 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਬਸੰਤ ਦੀ ਆਮਦ 'ਤੇ ਰੁੱਖ ਕਿਉਂ ਨਿਹਾਲ ਹੁੰਦੇ ਹਨ?**
ਉੱਤਰ : ਕਿਉਂਕਿ ਬਸੰਤ ਰੁੱਤ ਦੇ ਆਉਣ ਨਾਲ਼ ਸਿਆਲ ਦੇ ਕੱਕਰਾਂ ਨਾਲ਼ ਝੜੇ ਰੁੱਖਾਂ ਦੇ ਪੱਤੇ ਦੁਬਾਰਾ ਪੁੰਗਰ ਆਉਂਦੇ ਹਨ।

**ਪ੍ਰਸ਼ਨ ਅ. ਬਸੰਤ ਰੁੱਤ ਆਉਣ 'ਤੇ ਬੂਟਿਆਂ ਵਿੱਚ ਕਿਹੋ-ਜਿਹੀ ਤਬਦੀਲੀ ਆਉਂਦੀ ਹੈ?**
ਉੱਤਰ : ਬਸੰਤ ਦੇ ਆਉਣ ਨਾਲ਼ ਬੂਟੇ ਹਰੇ-ਭਰੇ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਡੋਡੀਆਂ ਨਿਕਲ ਕੇ ਖਿੜ ਜਾਂਦੀਆਂ ਹਨ।

**ਪ੍ਰਸ਼ਨ ੲ. ਬਸੰਤ ਰੁੱਤ ਦੇ ਮੌਕੇ ਪੰਛੀ ਕਿਹੜੇ ਰਾਗ ਗਾਉਂਦੇ ਹਨ?**
ਉੱਤਰ : ਬਸੰਤ ਰੁੱਤ ਦੇ ਮੌਕੇ ਪੰਛੀ ਹਿੰਡੋਲ ਤੇ ਬਸੰਤ ਰਾਗ ਗਾਉਂਦੇ ਹਨ।

**ਪ੍ਰਸ਼ਨ ਸ. ਬਸੰਤ ਰੁੱਤ ਵਿੱਚ ਲੋਕ ਕਿਹੜਾ ਰੰਗ ਪਹਿਨਦੇ ਹਨ?**
ਉੱਤਰ : ਕੇਸਰੀ।

**ਪ੍ਰਸ਼ਨ ਹ. 'ਬਸੰਤ' ਕਵਿਤਾ ਦੀਆਂ ਆਖ਼ਰੀ ਚਾਰ ਸਤਰਾਂ ਦੇ ਅਰਥ ਲਿਖੋ।**
ਉੱਤਰ : ਬਸੰਤ ਰੁੱਤ ਆਉਣ 'ਤੇ ਪੰਛੀਆਂ ਨੇ ਖ਼ੁਸ਼ੀ ਭਰੇ ਹਿੰਡੋਲ ਤੇ ਬਸੰਤ ਰਾਗ ਗਾਏ ਹਨ, ਕਿਉਂਕਿ ਰੱਬ ਨੇ ਬੜੇ ਚਿਰਾਂ ਪਿੱਛੋਂ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਹਨ। ਬਸੰਤ ਰੂਪੀ ਇਸਤਰੀ ਬਸੰਤ ਕੌਰ ਕੇਸਰੀ ਦੁਪੱਟੇ ਨੂੰ ਪਹਿਨ ਕੇ ਡੋਰੇਦਾਰ ਨੈਣਾਂ ਵਿੱਚੋਂ ਮਸਤੀ ਭਰੀਆਂ ਗੁਲਾਲੀਆਂ ਸੁੱਟ ਰਹੀ ਹੈ।

## 2. ਹੇਠ ਲਿਖੀਆਂ ਸਤਰਾਂ ਪੂਰੀਆ ਕਰੋ :

(ੳ) ਡਾਲ਼ੀਆਂ ਕਚਾਹ ਵਾਂਗ ਕੂਲ਼ੀਆਂ ਨੂੰ ਜਿੰਦ ਪਈ,
**ਆਲ੍ਹਣੇ ਦੇ ਬੋਟਾਂ ਵਾਂਗ ਖੰਭੀਆਂ ਉਛਾਲ਼ੀਆਂ।**

(ਅ) ਖਿੜ-ਖਿੜ ਹੱਸਦੀਆਂ ਵੱਸਿਆ ਜਹਾਨ ਵੇਖ,
**ਗੁੱਟੇ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।**

(ੲ) ਬੁਲਬੁਲ ਫੁੱਲ-ਫੁੱਲ, ਫੁੱਲਾਂ ਦੇ ਸਦਕੇ ਲਏ,
**ਭੌਰੇ ਲਟਬੌਰਿਆਂ ਨੂੰ ਆਈਆਂ ਖ਼ੁਸ਼ਹਾਲੀਆਂ।**

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

1. **ਨਿਹਾਲ (ਖ਼ੁਸ਼)**- ਬਸੰਤ ਰੁੱਤ ਆਉਣ 'ਤੇ ਰੁੱਖ ਨਿਹਾਲ ਹੋ ਜਾਂਦੇ ਹਨ।
2. **ਜਹਾਨ (ਦੁਨੀਆ)**- ਇੰਟਰਨੈੱਟ ਨੇ ਤਾਂ ਜਹਾਨ ਨੂੰ ਛੋਟਾ ਕਰ ਦਿੱਤਾ ਹੈ।
3. **ਸਦਕੇ (ਕੁਰਬਾਨ)**- ਹਰ ਮਾਂ ਆਪਣੇ ਪੁੱਤਰ ਤੋਂ ਸਦਕੇ ਜਾਂਦੀ ਹੈ।
4. **ਮੁਰਾਦ (ਇੱਛਾ)**- ਮਿਹਨਤ ਨਾਲ਼ ਮੇਰੀ ਮੁਰਾਦ ਪੂਰੀ ਹੋ ਗਈ ਤੇ ਮੈਨੂੰ ਚੰਗੀ ਨੌਕਰੀ ਮਿਲ਼ ਗਈ ।
5. **ਕਤਾਰ (ਲਾਈਨ)**- ਸਾਰੇ ਲੋਕ ਬੈਂਕ ਵਿੱਚ ਕਤਾਰ ਵਿੱਚ ਖੜ੍ਹੇ ਸਨ।

## 4. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਜਹਾਨ | : | ਸੰਸਾਰ |
| ਹਿੰਡੋਲ | : | ਖ਼ੁਸ਼ੀ ਦਾ ਰਾਗ |
| ਡੋਰੇਦਾਰ | : | ਧਾਰੀਦਾਰ |